# BUDHA DAL PUBLIC SCHOOL PATIALA
## Final Examination (4 March 2025)
**Class - VII**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6)

ਸੰਤੁਲਿਤ ਖ਼ੁਰਾਕ ਉਹ ਹੁੰਦੀ ਹੈ, ਜਿਸ ਵਿੱਚ ਮਨੁੱਖ ਦੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਲੋੜੀਂਦੇ ਸਾਰੇ ਹੀ ਤੱਤ ਹੋਣ। ਹਰੇਕ ਵਿਅਕਤੀ ਲਈ, ਖ਼ਾਸ ਕਰਕੇ ਬੱਚਿਆਂ ਲਈ ਸੰਤੁਲਿਤ ਖ਼ੁਰਾਕ ਦੀ ਬੜੀ ਲੋੜ ਹੈ। ਆਮ ਖਾਧੀ ਜਾਂਦੀ ਖ਼ੁਰਾਕ ਸੰਤੁਲਿਤ ਨਹੀਂ ਹੁੰਦੀ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਇੱਕ ਕਾਰਨ ਇਸ ਪੱਖ ਬਾਰੇ ਅਗਿਆਨਤਾ ਹੋ ਸਕਦੀ ਹੈ। ਦੂਜਾ ਸੰਤੁਲਿਤ ਖ਼ੁਰਾਕ ਹਾਸਲ ਕਰਨ ਦੀ ਅਸਮੱਰਥਾ ਹੋ ਸਕਦੀ ਹੈ। ਤੀਜਾ ਕਾਰਨ ਖਾਣ-ਪੀਣ ਸੰਬੰਧੀ ਗ਼ਲਤ ਆਦਤਾਂ ਹੋ ਸਕਦੀਆਂ ਹਨ। ਸੰਤੁਲਿਤ ਖ਼ੁਰਾਕ ਵਿੱਚ ਕਾਰਬੋਹਾਈਡਰੇਟ, ਪ੍ਰੋਟੀਨ, ਭਿੰਨ-ਭਿੰਨ ਕਿਸਮ ਦੇ ਵਿਟਾਮਨ ਤੇ ਖਣਿਜ ਆਦਿ ਤੱਤ ਹੁੰਦੇ ਹਨ। ਇਹ ਸਾਰੇ ਤੱਤ ਅਨਾਜਾਂ, ਦਾਲਾਂ, ਸਬਜ਼ੀਆਂ, ਫ਼ਲਾਂ, ਦੁੱਧ, ਆਂਡੇ ਤੇ ਮਾਸ ਆਦਿ ਤੋਂ ਪ੍ਰਾਪਤ ਹੁੰਦੇ ਹਨ। ਸੰਤੁਲਿਤ ਖ਼ੁਰਾਕ ਬਾਰੇ ਮਾਪਿਆਂ ਨੂੰ ਠੀਕ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਬੱਚਿਆਂ ਨੂੰ ਵੀ ਦੱਸ ਸਕਣ।

ੳ) ਸੰਤੁਲਿਤ ਖ਼ੁਰਾਕ ਕੀ ਹੁੰਦੀ ਹੈ?
ਅ) ਸਭ ਤੋਂ ਵੱਧ ਸੰਤੁਲਿਤ ਖ਼ੁਰਾਕ ਦੀ ਲੋੜ ਕਿਨ੍ਹਾਂ ਨੂੰ ਹੈ?
ੲ) ਸੰਤੁਲਿਤ ਖ਼ੁਰਾਕ ਵਿੱਚ ਕਿਹੜੇ-ਕਿਹੜੇ ਤੱਤ ਹੁੰਦੇ ਹਨ?
ਸ) ਕੀ ਆਮ ਖਾਧੀ ਜਾਂਦੀ ਖ਼ੁਰਾਕ ਸੰਤੁਲਿਤ ਨਹੀਂ ਹੁੰਦੀ?
ਹ) ਸੰਤੁਲਿਤ ਖ਼ੁਰਾਕ ਬਾਰੇ ਮਾਪਿਆਂ ਨੂੰ ਜਾਣਕਾਰੀ ਕਿਉਂ ਹੋਣੀ ਚਾਹੀਦੀ ਹੈ?
ਕ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਲਿਖੋ।** (4)



A - 1

## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (2)

ਲੁਟੇਰਾ, ਧੋਬੀ, ਬਲਦ, ਗਾਇਕ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (2)

ਕਲਾ, ਲੜਾਈ, ਗਊ, ਸਰਾਂ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (2)

ਢਿੱਲਾ, ਦਾਤਾ, ਕਮਾਊ, ਚੋਪੜੀ

4) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (2)

ਜ਼ੁਲਮ, ਅਵਸਥਾ

5) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਤੇ ਇੱਕ ਸ਼ਬਦ ਲਿਖੋ:** (2)

ੳ) ਜਦੋਂ ਬਹੁਤ ਦੇਰ ਮੀਂਹ ਨਾ ਪਵੇ -

ਅ) ਸਾਰਿਆਂ ਦੀ ਇੱਕ ਰਾਏ -

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਲਾ, ਪੜ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਖੋਰ, ੜੀ

8) **ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) ਖਾਣੇ ਛੋਲੇ ..................।

ਅ) .................. ਤਾਂ ਕੀ ਕਰੇਗਾ ਕਾਜ਼ੀ।

9) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (2)

ਰੌਨਕ, ਸੈਹਣਾ, ਯੰੜ੍ਹ, ਪਰੋਫੈਸਰ

10) **ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)

ੳ) ਮੰਜਾ ਕੋਠੇ ਉੱਪਰ ਪਿਆ ਹੈ।

ਅ) ਮੈਂ ਨਹੀਂ ਆ ਸਕਦਾ ਕਿਉਂਕਿ ਮੈਂ ਬਿਮਾਰ ਹਾਂ।

11) **ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (4)

ਟਿੱਕੀ, ਔਲ਼ਾ

12) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**

ੳ) ਘੋੜੇ ਵੇਚ ਕੇ ਸੌਣਾ ਅ) ਗੁੱਡੀ ਚੜ੍ਹਨੀ ੲ) ਛਾਤੀ 'ਤੇ ਮੂੰਗ ਦਲਣਾ ਸ) ਛਿੱਤਰਾਂ ਦਾ ਯਾਰ ਹੋਣਾ (4)

13) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)

ਰਾਣੀ ਨੇ ਕਿਹਾ ਮਾਤਾ ਜੀ ਦੱਸੋ ਅੱਜ ਕੀ ਬਣਾਉਣਾ ਹੈ

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਵੰਡਾਂ ਖ਼ੁਸ਼ੀਆਂ ਦਾ ਕੀ ਕਰਦੀਆਂ ਹਨ?

ਅ) ਹਾਥੀ-ਖਾਨੇ ਦੇ ਅਫ਼ਸਰ ਨੂੰ ਕਿਹੜੀ ਸਜ਼ਾ ਦਿੱਤੀ ਗਈ?

ੲ) ਕੰਧ ਕੌਣ ਬਣਾਉਣਾ ਚਾਹੁੰਦਾ ਸੀ? ਕੌਣ ਇਸ ਦੇ ਹੱਕ ਵਿੱਚ ਨਹੀਂ ਸੀ?

ਸ) ਲਲਾਰੀ ਦੀ ਕੱਪੜੇ ਨੂੰ ਤਿਆਰ ਕਰਨ ਵਿੱਚ ਕੀ ਭੂਮਿਕਾ ਹੈ?

ਹ) ਕਿਸਾਨ ਕੀ ਚਾਹੁੰਦਾ ਸੀ?

ਕ) 'ਨਿਪਟਾਰਾ' ਨਾਟਕ ਦਾ ਮੁੱਖ ਪਾਤਰ ਕੌਣ ਹੈ?

ਖ) ਕੱਪੜੇ ਦੀ ਮਿਣਤੀ ਕਿਸ ਤਰ੍ਹਾਂ ਕੀਤੀ ਜਾਂਦੀ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਮੰਤਰੀ ਤੇ ਰਾਜੇ ਦੀ ਲੂੰਬੜੀ ਵਾਲੀ ਘਟਨਾ ਆਪਣੇ ਸ਼ਬਦਾਂ ਵਿੱਚ ਲਿਖੋ।

ਅ) 'ਸਾਂਝੀ ਕੰਧ' ਕਹਾਣੀ ਵਿੱਚ ਲੜਾਈ ਹੋਣ ਦਾ ਕੀ ਕਾਰਨ ਹੈ?

ੲ) ਭਾਰਤ ਦੇ ਸੂਤੀ ਕੱਪੜਾ ਉਦਯੋਗ ਬਾਰੇ ਇੱਕ ਨੋਟ ਲਿਖੋ।

ਸ) 'ਖ਼ਜ਼ਾਨੇ ਦੀ ਖੇਤੀ' ਸ਼ਬਦ ਕਿਸ ਨੇ ਵਰਤੇ ਹਨ ਤੇ ਕਿਉਂ?

ਹ) 'ਨਿਪਟਾਰਾ' ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਕ) ਵੰਡਾਂ ਨਾਲ ਕਿਹੜੇ ਮਸਲੇ ਹੱਲ ਹੋਏ ਹਨ?

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਪਰੇਸ਼ਾਨ, ਭਰਾਤਰੀ, ਗੱਠ, ਘਾਟ, ਸੰਪਰਕ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

1. "ਥੋੜ੍ਹਾ ਜਿਹਾ ਟੀਪ-ਟੱਲ ਰਹਿੰਦੈ, ਸੀਮਿੰਟ ਥੁੜ ਗਿਆ।"
2. "ਫਿਰ ਤਾਂ ਤੈਨੂੰ ਹੋਰ ਮਿਹਨਤ ਕਰਨੀ ਚਾਹੀਦੀ ਹੈ। ਜੇ ਲੋੜ ਜ਼ਿਆਦਾ ਹੋਣ ਤਾਂ ਹੋਰ ਮਿਹਨਤ ਕਰੋ।"

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।:** (3)

ਵੰਡਾਂ ਵੰਡਾਂ ਵੰਡਾਂ ਵੰਡਾਂ,

ਕਿਹੜੇ ਦੇਸੋਂ ਆਇਆਂ ਵੰਡਾਂ।

ਕਿਸ ਬਦਰੂਹ ਦੀਆਂ ਜਾਈਆਂ ਵੰਡਾਂ,

ਵੰਡਾਂ ਵੰਡਾਂ ਵੰਡਾਂ ਵੰਡਾਂ।

1. ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ, ਇਸ ਦੇ ਕਵੀ ਦਾ ਨਾਂ ਦੱਸੋ।
2. ਵੰਡਾਂ ਕਿਸ ਦੀਆਂ ਜਾਈਆਂ ਹਨ?
3. 'ਜਾਈਆਂ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਮਹਾਰਾਜਾ ਰਣਜੀਤ ਸਿੰਘ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਸ਼ਖ਼ਸੀਅਤ, ਰਾਜ ਵਿਸਥਾਰ, ਰਾਜ ਪ੍ਰਬੰਧ, ਅਕਾਲ ਚਲਾਣਾ।

**ਜਾਂ**

**ਵਿਗਿਆਨ ਦੇ ਚਮਤਕਾਰ**

ਨੁਕਤੇ -

ਭੂਮਿਕਾ, ਬਿਜਲੀ ਦੀ ਕਾਢ, ਆਵਾਜਾਈ ਤੇ ਸੰਚਾਰ ਦੇ ਸਾਧਨ, ਮਨੋਰੰਜਨ ਦਾ ਸਾਧਨ, ਡਾਕਟਰੀ ਵਿਗਿਆਨ, ਖੇਤੀਬਾੜੀ ਵਿੱਚ ਲਾਭ, ਕੰਪਿਊਟਰ ਦੀ ਕਾਢ, ਅੰਧ-ਵਿਸ਼ਵਾਸਾਂ ਦਾ ਖ਼ਾਤਮਾ, ਨੁਕਸਾਨ, ਸਾਰ-ਅੰਸ਼।

2) ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਇੱਕ ਪੱਤਰ ਲਿਖੋ: (7)

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਕਮਰੇ ਦੀ ਸਫ਼ਾਈ ਅਤੇ ਬਿਜਲੀ ਦੇ ਪ੍ਰਬੰਧ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਛੋਟੇ ਭਰਾ ਨੂੰ ਇੱਕ ਚਿੱਠੀ ਰਾਹੀਂ ਪੜ੍ਹਾਈ ਦੇ ਨਾਲ-ਨਾਲ ਖੇਡਾਂ ਖੇਡਣ ਦੀ ਪ੍ਰੇਰਨਾ ਦਿਓ।

# BUDHA DAL PUBLIC SCHOOL PATIALA
## Final Examination (4 March 2025)
**Class - VII**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** **(6)**

ਚੰਗਾ ਦਿਮਾਗ਼ ਅਤੇ ਚੰਗਾ ਦਿਲ ਅਰੋਗ ਸਰੀਰ ਵਿੱਚ ਹੀ ਰਹਿ ਸਕਦੇ ਹਨ। ਜਿਸ ਮਨੁੱਖ ਦਾ ਸਰੀਰ ਢਿੱਲਾ ਹੈ, ਉਸ ਮਨੁੱਖ ਦਾ ਦਿਮਾਗ਼ ਵੀ ਕੁਝ ਸਮਾਂ ਪਾ ਕੇ ਢਿੱਲਾ ਹੋ ਜਾਂਦਾ ਹੈ। ਓਹੀ ਮਨੁੱਖ ਪੂਰਨ ਆਖਿਆ ਜਾ ਸਕਦਾ ਹੈ, ਜਿਸ ਦਾ ਸਰੀਰ, ਦਿਮਾਗ਼ ਅਤੇ ਮਨ ਪੂਰੀ ਤਰ੍ਹਾਂ ਵਿਕਸਤ ਹੋਣ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਸਰੀਰ ਨੂੰ ਸਿਹਤਮੰਦ ਰੱਖਣ ਲਈ ਅਤਿ ਲੋੜੀਂਦੀਆਂ ਹਨ। ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ। ਖੇਡਾਂ ਨਿਰਾ ਸਰੀਰ ਨੂੰ ਹੀ ਅਰੋਗ ਨਹੀਂ ਰੱਖਦੀਆਂ ਬਲਕਿ ਆਦਮੀ ਦੇ ਆਚਰਨ ਨੂੰ ਵੀ ਸੰਵਾਰਦੀਆਂ ਹਨ। ਕੁਰਬਾਨੀ, ਜ਼ਬਤ ਤੇ ਹੁਕਮ ਮੰਨਣ ਦੇ ਗੁਣ ਖਿਡਾਰੀ ਵਿੱਚ ਭਰ ਜਾਂਦੇ ਹਨ। ਖੇਡਾਂ ਵਿਦਿਆਰਥੀਆਂ ਅੰਦਰ ਰਲ-ਮਿਲ ਕੇ ਕੰਮ ਕਰਨ ਦੀ ਭਾਵਨਾ ਨੂੰ ਉਜਾਗਰ ਕਰਦੀਆਂ ਹਨ। ਖੇਡਾਂ ਨਾਲ ਵਿਦਿਆਰਥੀਆਂ ਅੰਦਰ ਟਾਕਰੇ ਦੀ ਹਿੰਮਤ ਤੇ ਮੁਕਾਬਲੇ ਦਾ ਸਾਹਸ ਪੱਕਾ ਹੋ ਜਾਂਦਾ ਹੈ ਤੇ ਉਹ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਸਾਹਮਣੇ ਹੌਸਲੇ ਨਾਲ ਡੱਟ ਕੇ ਖਲੋ ਜਾਂਦੇ ਹਨ ਤੇ ਉਨ੍ਹਾਂ ਉੱਤੇ ਫ਼ਤਹਿ ਪਾ ਲੈਂਦੇ ਹਨ।

ੳ) ਚੰਗਾ ਦਿਮਾਗ ਤੇ ਚੰਗਾ ਦਿਲ ਕਿਸ ਸਰੀਰ ਵਿੱਚ ਰਹਿ ਸਕਦੇ ਹਨ?
ਅ) ਕਿਹੜੇ ਮਨੁੱਖ ਨੂੰ ਪੂਰਨ ਆਖਿਆ ਜਾ ਸਕਦਾ ਹੈ?
ੲ) ਖੇਡਾਂ ਸਰੀਰ ਦੇ ਨਾਲ-ਨਾਲ ਕਿਸ ਨੂੰ ਸੰਵਾਰਦੀਆਂ ਹਨ?
ਸ) ਖੇਡਾਂ ਵਿਦਿਆਰਥੀਆਂ ਅੰਦਰ ਕਿਹੜੀ ਭਾਵਨਾ ਉਜਾਗਰ ਕਰਦੀਆਂ ਹਨ?
ਹ) ਵਿਦਿਆਰਥੀ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਿਵੇਂ ਕਰਦੇ ਹਨ?
ਕ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਲਿਖੋ।** **(4)**



## ਵਿਆਕਰਨ

**1) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (2)

ਕਸੇਰਾ, ਤੇਲੀ, ਮਰਦ, ਨਾਇਕ

**2) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:** (2)

ਕਵਿਤਾ, ਇਸਤਰੀ, ਵਸਤੂ, ਸਭਾ

**3) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (2)

ਈਰਖਾ, ਜੱਸ, ਤਾਰਨਾ, ਨਰਕ

**4) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (2)

ਊਂਘ, ਸ਼ਰੀਟ

**5) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਤੇ ਇੱਕ ਸ਼ਬਦ ਲਿਖੋ:** (2)

ੳ) ਜਿਸ ਨੇ ਦੇਸ਼ ਨਾਲ ਧ੍ਰੋਹ ਕੀਤਾ ਹੋਵੇ -

ਅ) ਦੂਜਿਆਂ ਦਾ ਭਲਾ ਕਰਨ ਵਾਲਾ -

**6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਚੁ, ਪਰ

**7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (2)

ਗਾਰ, ਨੀ

**8) ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) .................... ਤੇ ਖਾਹ ਚੂਰੀ।

ਅ) ਅੰਨ੍ਹਾ ਵੰਡੇ ਰਿਉੜੀਆਂ ..................।

**9) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (2)

ਛਾਉਨੀ, ਕਚੈਹਰੀ, ਰਾਸ਼ਟ੍ਰੀ, ਸਿਰੀਮਾਨ

**10) ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)

ੳ) ਜਹਾਜ਼ ਵਿੱਚ ਚਾਲੀ ਬੰਦੇ ਬੈਠੇ ਹਨ।

ਅ) ਉਹ ਸਵੇਰੇ-ਸ਼ਾਮ ਕਸਰਤ ਕਰਦਾ ਹੈ।

**11) ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (4)

ਸਿੱਟਾ, ਕੋਟ

**12) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**

ੳ) ਗਿੱਲਾ ਪੀਹਣ ਪਾ ਲੈਣਾ ਅ) ਘੜੀ ਵਿੱਚ ਘੜਿਆਲ ਹੋ ਜਾਣਾ

ੲ) ਕੱਖ ਭੰਨ ਕੇ ਦੋਹਰਾ ਨਾ ਕਰਨਾ ਸ) ਘਿਉ-ਖਿਚੜੀ ਹੋਣਾ (4)

B-2

13) ਹੇਠ ਲਿਖੇ ਵਾਕ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)

ਮਹਿੰਗਾਈ ਦਿਨੋ ਦਿਨ ਵਧਦੀ ਜਾ ਰਹੀ ਹੈ

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਮਾਨਵ ਨੂੰ ਕਿਵੇਂ ਵੰਡਿਆ ਗਿਆ ਹੈ?

ਅ) ਰਾਜੇ ਨੂੰ ਕਿਹੋ ਜਿਹੇ ਲੋਕ ਚੰਗੇ ਲੱਗਦੇ ਹਨ?

ੲ) ਕਪੂਰ ਸਿੰਘ ਨੇ ਦਰਬਾਰਾ ਸਿੰਘ ਦੀ ਜੇਬ ਵਿੱਚ ਕਿੰਨੇ ਰੁਪਏ ਦਾ ਨੋਟ ਪਾ ਦਿੱਤਾ ਸੀ?

ਸ) ਜੁਲਾਹੇ ਦੀ ਕੱਪੜੇ ਨੂੰ ਤਿਆਰ ਕਰਨ ਵਿੱਚ ਕੀ ਭੂਮਿਕਾ ਹੈ?

ਹ) ਸਾਧੂ ਨੇ ਕਿਸਾਨ ਨੂੰ ਕੀ ਸਲਾਹ ਦਿੱਤੀ?

ਕ) ਅਫ਼ਸਰ ਸਭ ਤੋਂ ਪਹਿਲਾਂ ਕਿੰਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਨੂੰ ਕਹਿੰਦਾ ਹੈ?

ਖ) ਕਿਸ ਤਰ੍ਹਾਂ ਦੀ ਜ਼ਮੀਨ ਨੂੰ ਕਪਾਹ ਦੀ ਖੇਤੀ ਲਈ ਵਰਦਾਨ ਸਮਝਿਆ ਜਾਂਦਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਪੰਜ)** (5×2=10)

ੳ) ਫਾਂਸੀ ਦੀ ਸਜ਼ਾ ਰੋਕਣ ਲਈ ਵਜ਼ੀਰ ਨੇ ਕੀ ਕੀਤਾ ਤੇ ਇਸ ਵਿੱਚ ਕੌਣ ਫਸਿਆ?

ਅ) 'ਸਾਂਝੀ ਕੰਧ' ਕਹਾਣੀ ਵਿੱਚ ਕਹਾਣੀਕਾਰ ਕੀ ਸੁਨੇਹਾ ਦੇਣਾ ਚਾਹੁੰਦਾ ਹੈ?

ੲ) ਕਪਾਹ ਕਿੱਥੇ-ਕਿੱਥੇ ਪੈਦਾ ਹੁੰਦੀ ਹੈ? ਕਪਾਹ ਤੋਂ ਰੂੰ ਬਣਨ ਤੱਕ ਕੀ ਕਿਰਿਆ ਸਮਝਾਉ।

ਸ) ਕਿਸਾਨ ਦੇ ਪੁੱਤਰਾਂ ਨੇ ਸੋਨੇ ਦੀਆਂ ਮੋਹਰਾਂ ਵਾਲੇ ਘੜੇ ਦੀ ਗੱਲ ਸੁਣ ਕੇ ਕੀ ਕੀਤਾ?

ਹ) 'ਖਜ਼ਾਨੇ ਦੀ ਖੇਤੀ' ਕਹਾਣੀ ਦੇ ਅੰਤ ਵਿੱਚ ਕੀ ਹੁੰਦਾ ਹੈ?

ਕ) ਕਵੀ ਅਨੁਸਾਰ ਵੰਡਾਂ ਨੇ ਧਰਤੀ ਮਾਂ ਨੂੰ ਕਿਵੇਂ ਵੰਡਿਆ ਹੈ?

**3) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਚਲਾਕ, ਤਿੜਕਦੀ, ਵੇਲਣਾ, ਗੋਡੀ, ਭਵਿੱਖ

**4) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

1. "ਸਭ ਦੂਰ ਹੋ ਜੂ, ਚੁਗਾਠ ਬਚੀ ਰਹੇ, ਬਾਣ ਬਥੇਰਾ।"
2. "ਇਹਨਾਂ ਵੇਲਾਂ ਨੂੰ ਪਾਣੀ ਦੀ ਲੋੜ ਹੈ ਤੇ ਦੇਖ-ਭਾਲ ਦੀ ਵੀ। ਇਹ ਤੁਹਾਡੇ ਪਿਤਾ ਨੇ ਬੜੀ ਨੇਕੀ ਵਾਲਾ ਕੰਮ ਕੀਤਾ ਹੈ।"

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ।:** (3)

ਫ਼ਨ ਵੰਡੇ ਫ਼ਨਕਾਰ ਵੀ ਵੰਡੇ,
ਧਰਤੀ ਦੇ ਅਵਤਾਰ ਵੀ ਵੰਡੇ,
ਮੇਲੇ ਤੇ ਤਿਉਹਾਰ ਵੀ ਵੰਡੇ,
ਵੰਡਾਂ ਜਿਗਰੀ ਯਾਰ ਵੀ ਵੰਡੇ।

1. ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ, ਇਸ ਦੇ ਕਵੀ ਦਾ ਨਾਂ ਦੱਸੋ।
2. ਵੰਡਾਂ ਨੇ ਧਰਤੀ ਦੇ ਕੀ ਵੰਡ ਦਿੱਤੇ ਹਨ?
3. 'ਫ਼ਨਕਾਰ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਸ੍ਰੀ ਗੁਰੂ ਅਰਜਨ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਵਿਆਹ ਅਤੇ ਬੱਚੇ, ਗੁਰਗੱਦੀ ਮਿਲਣੀ, ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਨਵੇਂ ਸ਼ਹਿਰ ਵਸਾਉਣੇ, ਸ਼ਹੀਦੀ, ਜੋਤੀ-ਜੋਤ ਸਮਾਉਣਾ

**ਜਾਂ**

**ਬਿਜਲੀ ਦੀ ਬੱਚਤ**

ਨੁਕਤੇ -

ਜਾਣ-ਪਛਾਣ, ਨਿੱਤ ਵਰਤੋਂ ਦੀਆਂ ਚੀਜ਼ਾਂ ਤੇ ਬਿਜਲੀ, ਬਿਜਲੀ ਦੀ ਲੋੜ, ਬਿਜਲੀ ਦੀ ਫਜ਼ੂਲ ਵਰਤੋਂ 'ਤੇ ਰੋਕ, ਘਰੇਲੂ ਉਪਕਰਨਾਂ ਦੀ ਲੋੜ, ਬਿਜਲੀ ਦੀ ਬੱਚਤ ਲਾਭਦਾਇਕ।

2) **ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਇੱਕ ਪੱਤਰ ਲਿਖੋ:** (7)

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਮਿੱਤਰ ਜਾਂ ਸਹੇਲੀ ਨੂੰ ਪਾਸ ਹੋਣ ਤੇ ਵਧਾਈ ਪੱਤਰ ਲਿਖੋ।